ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ ਚੰਡੀਗੜ੍ਹ।

(ਕੋਆਰਡੀਨੇਸਨ ਸਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ

ਮੀਮੋ ਨੰ: 15/42- 2013 ਕੋ.ਸੈਲ (1)/287
ਮਿਤੀ: -19-08-2015

**ਵਿਸ਼ਾ:- ਬੈਂਕ ਖਾਤਿਆਂ ਵਿੱਚ ਪਈ ਜਮਾਂ ਰਾਸ਼ੀ ਤੁਰੰਤ ਰਾਜ ਦੇ ਖਾਤੇ ਵਿੱਚ ਜਮ੍ਹਾਂ ਕਰਨ ਬਾਰੇ।**

ਹਵਾਲਾ:- ਸਰਕਾਰ ਦਾ ਪੱਤਰ ਨੰ: 12/27/13-4ਵਿ.ਬ.2/704 ਮਿਤੀ 06-08-2015.

ਉਪਰੋਕਤ ਵਿਸੇ ਤੇ ਹਵਾਲਾ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 19-8-2015

ਉਤਾਰਾ ਮੁੱਖ ਦਫਤਰ ਡੀ.ਪੀ.ਆਈ (ਸੈਸਿ) ਵਿਖੇ ਸਬੰਧਤ ਅਧਿਕਾਰੀਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

605 ਰੋ ਜੈ: 17/8/15

P.L.A &Misc

ਨੰ: 12/27/13-4 ਵਿ.ਬ.2/ 704

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-2 ਸਾਖਾ)

PA 28875 14/8/15

ਮਿਤੀ,ਚੰਡੀਗੜ੍ਹ 06 ਅਗਸਤ, 2015

ਸੇਵਾ ਵਿਖੇ,

1 ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸਨਰਜ,
ਜਿਲ੍ਹਾਂ ਅਤੇ ਸੈਸ਼ਨ ਜੱਜ

2 ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ,ਚੰਡੀਗੜ੍ਹ

14-8-15

ਵਿਸ਼ਾ:- **ਬੈਂਕ ਖਾਤਿਆਂ ਵਿੱਚ ਪਈ ਜਮਾਂ ਰਾਸ਼ੀ ਤੁਰੰਤ ਰਾਜ ਦੇ ਖਾਤੇ ਵਿੱਚ ਜਮ੍ਹਾਂ ਕਰਨ ਬਾਰੇ।**

ਸ੍ਰੀਮਾਨ ਜੀ/ਸ੍ਰੀਮਤੀ

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਪੱਤਰ ਪੱ.ਨੰ 12/05/2014-4 ਵਿ.ਬ 2/574-575 ਮਿਤੀ 24 ਮਈ, 2011, ਪੱ.ਨੰ 12/27/13-4 ਵਿ.ਬ.2/845-847 ਮਿਤੀ 23 ਸਤੰਬਰ 2013 ਅਤੇ ਪੱ.ਨੰ 12/27/13-4 ਵਿ.ਬ.2/1826-1829 ਮਿਤੀ 29 ਸਤੰਬਰ 2014 ਅਤੇ ਪੱ.ਨੰ 12/27/13-4 ਵਿ.ਬ.2/423419/1 ਮਿਤੀ 26 ਫਰਵਰੀ 2015 ਵੱਲ ਦਿਵਾਉਦੇ ਹੋਏ ਦੁਬਾਰਾ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਆਪਦੇ ਅਧੀਨ ਆਉਂਦੇ ਵਿਭਾਗਾਂ ਵੱਲੋਂ ਸਰਕਾਰੀ ਰਾਸੀਆਂ ਨੂੰ ਖਜਾਨੇ ਵਿਚੋਂ ਕਢੱਵਾ ਕੇ ਬੈਂਕ ਵਿਚ ਰੱਖਕੇ ਵਿੱਤੀ ਨਿਯਮਾ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜਦੋ ਕਿ ਇਸ ਦਫਤਰ ਦੇ ਪੱ.ਨੰ 12/27/13-4 ਵਿ.ਬ.2/423419/1 ਮਿਤੀ 26 ਫਰਵਰੀ 2015 ਦੇ ਰਾਹੀ ਮਿਤੀ 15-03-2015 ਤੱਕ ਅਣਵਰਤੀ ਰਕਮ ਨੂੰ ਹੇਠਾਂ ਦਰਸਾਏ ਮੁੱਖ ਮੱਦ ਵਿੱਚ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ ਪਰੰਤੂ ਮਹਾਂਲੇਖਾਕਾਰ ਪੰਜਾਬ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਬੈਂਕ ਖਾਤਿਆਂ ਵਿੱਚ ਪਈ ਰਕਮ ਨੂੰ ਅਜੇ ਤੱਕ ਵੀ **ਸਬੰਧਤ ਮੱਦ ਵਿੱਚ ਜਮ੍ਹਾਂ ਕਰਵਾ ਕੇ ਬੰਦ ਨਹੀ ਕੀਤਾ ਗਿਆ । ਇਸ ਲਈ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ**

(i) ਸਰਕਾਰੀ ਖਜਾਨਿਆਂ ਵਿੱਚੋ ਜੋ ਰਾਸ਼ੀ ਕੱਢਵਾ ਕੇ ਬੈਕਾਂ ਵਿੱਚ ਰੱਖੀ ਗਈ ਹੈ, ਉਨ੍ਹਾਂ ਤੋ ਮਿਤੀ 31.07.2015 ਤੱਕ ਪ੍ਰਾਪਤ ਵਿਆਜ ਦੀ ਰਾਸ਼ੀ ਰਾਜ ਦੀ ਮੁੱਖ ਮੱਦ '0049- ਵਿਆਜ ਪ੍ਰਾਪਤੀਆਂ ' ਵਿੱਚ ਮਿਤੀ 31.08.2015 ਤੱਕ ਜਮਾ ਕਰਵਾਇਆ ਜਾਵੇ ।

(ii) ਉਹ ਸਕੀਮਾਂ ਜਿਨ੍ਹਾਂ ਦੇ ਪੈਸੇ ਕੱਢਵਾ ਕੇ ਬੈਕ ਖਾਤਿਆਂ ਵਿੱਚ ਰੱਖੇ ਹੋਏ ਹਨ ਅਤੇ ਪਿੱਛਲੇ ਦੋ ਸਾਲਾਂ ਤੋ ਇਨ੍ਹਾਂ ਸਕੀਮਾਂ ਲਈ ਕੋਈ ਬਜਟ ਪ੍ਰੋਵੀਜ਼ਨ ਨਹੀ ਕੀਤੀ ਜਾ ਰਹੀ ਉਨ੍ਹਾਂ ਵਿਰੁੱਧ ਖੋਲੇ ਬੈਂਕ ਖਾਤੇ ਤੁਰੰਤ ਬੰਦ ਕਰਕੇ ਸਬੰਧਤ ਵਿਭਾਗ ਦੀ ਰਸੀਟ ਹੈਡ ਵਿੱਚ ਜਮ੍ਹਾਂ ਕਰਵਾਏ ਜਾਣ ਅਤੇ ਇਸਤੇ ਬੈਂਕ ਵੱਲੋ ਦਿੱਤੀ ਗਈ ਵਿਆਜ ਦੀ ਰਾਸ਼ੀ ਮੁੱਖ ਮੱਦ '0049- ਵਿਆਜ ਪ੍ਰਾਪਤੀਆ ਵਿੱਚ ਜਮ੍ਹਾਂ ਕਰਵਾਈ ਜਾਵੇ । ਇਹ ਰਾਸ਼ੀਆਂ ਮਿਤੀ31-08-2015 ਤੱਕ ਹਰ ਹਾਲਤ ਵਿੱਚ ਖਜ਼ਾਨੇ ਵਿੱਚ ਜਮ੍ਹਾਂ ਕਰਵਾਈਆ ਜਾਣ।

ਇਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਉਪਰੋਕਤ ਦੱਸੀ ਮਿਤੀ ਤੱਕ ਅਣਵਰਤੀ ਰਕਮ ਨੂੰ ਖਜਾਨੇ ਵਿੱਚ ਜਮਾ ਕਰਵਾ ਕੇ ਬੰਦ ਨਹੀ ਕੀਤਾ ਗਿਆ ਤਾਂ ਆਪ ਦੇ ਪ੍ਰਬੰਧਕੀ ਵਿਭਾਗ ਨੂੰ ਸਬੰਧਤ ਅਧਿਕਾਰੀ / ਕਰਮਚਾਰੀ ਦੇ ਵਿਰੁੱਧ ਕਾਰਵਾਈ ਕਰਨ ਦੇ ਲਈ ਲਿਖ ਦਿੱਤਾ ਜਾਵੇਗਾ ।

ਵਿਸ਼ਵਾਸਪਾਤਰ,

(ਕਸ਼ਮੀਰਾ ਸਿੰਘ)

**ਵਿਸ਼ੇਸ਼ ਕਾਰਜ ਅਫਸਰ ( ਬਜਟ)**

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਪ੍ਰਬੰਧਕੀ ਕੰਟਰੋਲ ਅਧੀਨ ਵਿਭਾਗਾਂ ਨੂੰ ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਸਬੰਧੀ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਭਵਿੱਖ ਵਿੱਚ ਵਿੱਤੀ ਨਿਯਮਾਂ ਦੀ ਉਲੰਘਣਾ ਲਈ ਜਿੰਮੇਵਾਰ ਅਧਿਕਾਰੀਆ / ਕਰਮਚਾਰੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।

**ਵਿਸ਼ੇਸ਼ ਕਾਰਜ ਅਫਸਰ ( ਬਜਟ)**

ਸੇਵਾ ਵਿਖੇ,

ਸਮੂਹ ਵਿੱਤੀ ਕਮਿਸਨਰ /ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,

ਅੰ:ਵਿ:ਪੱ:ਨੰ: 12/27/13-4ਵਿ.ਬ.2/ 705 ਮਿਤੀ,ਚੰਡੀਗੜ੍ਹ 06 ਅਗਸਤ, 2015